# UNM ਕੇਅਰ ਜਾਂ ਆਊਟ-ਆਫ-ਕਾਉਂਟੀ ਕੇਅਰ (UNM Care or Out-of-County Care) ਲਈ ਅਪਲਾਈ ਕਰਨ ਵਾਸਤੇ ਲੋੜੀਂਦੇ ਦਸਤਾਵੇਜ਼ਾਂ ਦੀ ਸੂਚੀ

ਅਸੀਂ ਤੁਹਾਨੂੰ UNM ਜਾਂ Out-of-County Care ਲਈ ਤੁਹਾਡੀ ਅਰਜ਼ੀ ਨਾਲ ਕੁਝ **ਪੁਸ਼ਟੀ ਕਰਨ ਵਾਲੇ ਦਸਤਾਵੇਜ਼** ਜਮ੍ਹਾ ਕਰਾਉਣ ਲਈ ਕਹਿੰਦੇ ਹਾਂ। ਉਹ ਇਸ ਕਰਕੇ ਕਿਉਂਕਿ ਸਾਨੂੰ ਪੁਸ਼ਟੀ ਕਰਨੀ ਪੈਂਦੀ ਹੈ –

- ਤੁਸੀਂ ਕੌਣ ਹੋ (ਪਛਾਣ)
- ਤੁਸੀਂ ਕਿੱਥੇ ਰਹਿੰਦੇ ਹੋ (ਪਤਾ)
- ਤੁਸੀਂ ਕਿੰਨਾ ਪੈਸਾ ਕਮਾਉਂਦੇ ਹੋ (ਆਮਦਨ)
- ਤੁਹਾਡੇ ਬੈਂਕ ਅਤੇ ਪੂੰਜੀਕਾਰੀ ਦੇ ਖਾਤਿਆਂ (ਅਸਾਸਿਆਂ) ਵਿੱਚ ਕਿੰਨੀ-ਕੁ ਰਕਮ ਹੈ

UNM ਹਸਪਤਾਲ ਦੀ ਫ਼ਾਇਨਾਂਸ਼ਿਅਲ ਸਹਾਇਤਾ (UNM Hospital Financial Assistance) ਤੁਹਾਡੀ ਅਰਜ਼ੀ ਅਤੇ ਪੁਸ਼ਟੀ ਕਰਨ ਵਾਲੇ ਦਸਤਾਵੇਜ਼ਾਂ ਦਾ ਜਾਇਜ਼ਾ ਲਏਗੀ ਅਤੇ ਜੇ ਉਸ ਨੂੰ ਤੁਹਾਡੇ ਤੋਂ ਕਿਸੇ ਹੋਰ ਦਸਤਾਵੇਜ਼ਾਂ ਦੀ ਲੋੜ ਪਈ, ਤਾਂ ਤੁਹਾਨੂੰ ਦੱਸੇਗੀ।

ਹੇਠਾਂ ਉਹਨਾਂ ਦਸਤਾਵੇਜ਼ਾਂ ਦੀ ਸੂਚੀ ਦਿੱਤੀ ਗਈ ਹੈ, ਜਿਹੜੇ ਦਸਤਾਵੇਜ਼ ਅਸੀਂ ਪ੍ਰਵਾਣ ਕਰਾਂਗੇ। ਪਰ, ਜੇ ਤੁਹਾਡੇ ਕੋਲ ਇੱਥੇ ਦਿੱਤੇ ਗਏ ਦਸਤਾਵੇਜ਼ ਨਹੀਂ ਹਨ, ਤਾਂ ਸਾਨੂੰ ਦੱਸੋ। ਕੋਈ ਹੱਲ ਲੱਭਣ ਲਈ ਅਸੀਂ ਤੁਹਾਡੇ ਨਾਲ ਕੰਮ ਕਰਾਂਗੇ।

**ਤੁਸੀਂ ਕੌਣ ਹੋ (ਪਛਾਣ)**

ਅਸੀਂ ਤੁਹਾਡੇ ਤੋਂ **ਤੁਹਾਡੇ ਪਰਿਵਾਰ ਵਿਚਲੇ ਹਰ ਇੱਕ ਵਿਅਕਤੀ** ਲਈ ਇਹਨਾਂ ਵਿੱਚੋਂ 1 ਦਸਤਾਵੇਜ਼ ਲਈ ਕਹਾਂਗੇ। ਇਹ ਦਸਤਾਵੇਜ਼ ਤੁਹਾਡੀ ਪਛਾਣ ਅਤੇ ਤੁਹਾਡੇ ਨਾਲ ਰਹਿਣ ਵਾਲੇ ਹਰ ਵਿਅਕਤੀ ਦੀ ਪਛਾਣ ਦੀ ਪੁਸ਼ਟੀ ਕਰਨ ਵਿੱਚ ਸਾਡੀ ਮਦਦ ਕਰਦੇ ਹਨ। ਅਸੀਂ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਦਸਤਾਵੇਜ਼ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।

- ਪਾਸਪੋਰਟ (ਵਿਦੇਸ਼ੀ ਜਾਂ ਅਮਰੀਕੀ)
- ਜਨਮ-ਸਰਟੀਫ਼ਿਕੇਟ (ਵਿਦੇਸ਼ੀ ਜਾਂ ਅਮਰੀਕੀ)
- ਫੋਟੋ ਪਛਾਣ-ਪੱਤਰ (ਡ੍ਰਾਈਵਰ ਦਾ ਲਾਇਸੈਂਸ, ਸਰਕਾਰ ਵਲੋਂ ਜਾਰੀ ਕੀਤਾ ਗਿਆ ਪਛਾਣ-ਪੱਤਰ, ਕੰਮ ਜਾਂ ਸਕੂਲ ਦਾ ਪਛਾਣ-ਪੱਤਰ)
- ਸੋਸ਼ਲ ਸਿਕਿਓਰਿਟੀ ਕਾਰਡ
- ਭਾਰਤੀ ਨਾਗਰਿਕਤਾ ਦਾ ਸਰਟੀਫ਼ਿਕੇਟ

- ਤਲਾਕ ਦੇ ਦਸਤਾਵੇਜ਼
- ਸਕੂਲ ਦੇ ਰਿਕਾੱਰਡ ਜਾਂ ਦਿਨ ਦੀ ਸੰਭਾਲ ਦੇ ਸੈਂਟਰ ਦੇ ਰਿਕਾੱਰਡ
- ਵੀਜ਼ੇ ਵਰਗੇ ਹੋਰ ਸਰਕਾਰੀ ਰਿਕਾਰਡ (ਮਿਆਦ ਖ਼ਤਮ ਹੋਣ ਵਾਲੇ ਵੀਜ਼ੇ ਪ੍ਰਵਾਣ ਕੀਤੇ ਜਾਂਦੇ ਹਨ)
- ਕੇਸ ਵਰਕਰ, ਭਾਈਚਾਰਕ ਸਿਹਤ ਵਰਕਰ, ਸਿਹਤ ਸੰਭਾਲ ਪ੍ਰੋਵਾਈਡਰ ਜਾਂ ਭਾਈਚਾਰਕ ਏਜੰਸੀ ਦੀ ਸਟੇਟਮੈਂਟ, ਜਿਹਨਾਂ ਨੂੰ ਤੁਹਾਡੇ ਅਤੇ ਤੁਹਾਡੀ ਸਥਿਤੀ ਬਾਰੇ ਪਤਾ ਹੁੰਦਾ ਹੈ

ਜੇ ਤੁਹਾਡੇ ਕੋਲ ਉਪਰ ਦਿੱਤੇ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਦਸਤਾਵੇਜ਼ ਨਹੀਂ ਹੈ, ਤਾਂ ਸਾਨੂੰ ਦੱਸੋ। ਪਛਾਣ ਦੀ ਸ਼ਰਤ ਦਾ ਸਬੂਤ ਪੂਰਾ ਕਰਨ ਲਈ, ਅਸੀਂ ਕਿਸੇ ਹੋਰ ਦਸਤਾਵੇਜ਼ ਦਾ ਪਤਾ ਲਾਉਣ ਲਈ ਤੁਹਾਡੇ ਨਾਲ ਕੰਮ ਕਰਾਂਗੇ। ਯਾਦ ਰੱਖੋ, UNMCare ਜਾਂ Out-of-County Care ਲਈ ਯੋਗ ਹੋਣ ਵਾਸਤੇ ਤੁਹਾਨੂੰ ਅਮਰੀਕੀ ਨਾਗਰਿਕਤਾ ਜਾਂ ਕਿਸੇ ਖ਼ਾਸ ਇਮੀਗ੍ਰੇਸ਼ਨ ਦਰਜੇ ਦੀ ਲੋੜ **ਨਹੀਂ** ਹੈ।

## ਤੁਸੀਂ ਕਿੱਥੇ ਰਹਿੰਦੇ ਹੋ (ਪਤਾ)

ਅਸੀਂ ਤੁਹਾਨੂੰ ਤੁਹਾਡੇ ਨਾਂ ਅਤੇ ਪਤੇ ਵਾਲੇ ਇੱਕ ਦਸਤਾਵੇਜ਼ ਲਈ ਕਹਾਂਗੇ। ਜੇ ਤੁਸੀਂ UNMCare ਲਈ ਅਪਲਾਈ ਕਰ ਰਹੇ ਹੋ, ਤਾਂ ਤੁਹਾਨੂੰ ਦਰਸਾਉਣਾ ਚਾਹੀਦਾ ਹੈ ਕਿ ਜਾਂ ਤਾਂ ਤੁਸੀਂ Bernalillo County ਜਾਂ Sandoval County ਵਿੱਚ ਰਹਿੰਦੇ ਹੋ। ਜੇ ਤੁਸੀਂ Out-of-County Care ਲਈ ਅਰਜ਼ੀ ਦੇ ਰਹੇ ਹੋ, ਤਾਂ ਤੁਹਾਨੂੰ ਦਰਸਾਉਣਾ ਚਾਹੀਦਾ ਹੈ ਕਿ ਤੁਸੀਂ ਕਿਸੇ ਹੋਰ New Mexico county (Bernalillo ਜਾਂ Sandoval ਨਹੀਂ) ਵਿੱਚ ਰਹਿੰਦੇ ਹੋ। **ਸਮੁੱਚੇ ਪਰਿਵਾਰ ਲਈ ਤੁਹਾਨੂੰ ਇਹਨਾਂ ਦਸਤਾਵੇਜ਼ਾਂ ਵਿੱਚੋਂ ਸਿਰਫ਼ ਇੱਕ ਦੀ ਲੋੜ ਹੈ।** ਅਸੀਂ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਦਸਤਾਵੇਜ਼ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।




- ਤਨਖ਼ਾਹ ਦੀ ਸਲਿਪ
- ਕਾਰ ਬੀਮਾ
- ਯੂਟੀਲਿਟੀ ਬਿੱਲ (ਬਿਜਲੀ, ਗੈਸ, ਪਾਣੀ, ਫ਼ੋਨ, ਇੰਟਰਨੈਟ)
- ਲੀਜ਼, ਮਾੱਰਟਗੇਜ ਜਾਂ ਜਾਇਦਾਦ ਟੈਕਸ ਦੇ ਦਸਤਾਵੇਜ਼
- ਹੋਰ ਬਿੱਲ ਜਾਂ ਸਟੇਟਮੈਂਟ
- ਕਿਸੇ ਵਿਦਿਅਕ ਅਦਾਰੇ ਵਿੱਚ ਆਪਣੇ ਜਾਂ ਬੱਚੇ ਦੀ ਐਨਰੋਲਮੈਂਟ ਦਾ ਸਬੂਤ
- ਆਮਦਨ ਟੈਕਸ ਰਿਟਰਨ
- ਸੋਸ਼ਲ ਸਿਕਿਓਰਿਟੀ, ਅਸਮਰੱਥਾ (ਅਪੰਗਤਾ), ਪੇਨਸ਼ਨ ਜਾਂ ਰਿਟਾਇਰਮੈਂਟ ਦਾ ਦਸਤਾਵੇਜ਼
- ਕੇਸ ਵਰਕਰ, ਭਾਈਚਾਰਕ ਸਿਹਤ ਵਰਕਰ, ਸਿਹਤ ਸੰਭਾਲ ਪ੍ਰੋਵਾਈਡਰ ਜਾਂ ਭਾਈਚਾਰਕ ਏਜੰਸੀ ਦੀ ਸਟੇਟਮੈਂਟ, ਜਿਹਨਾਂ ਨੂੰ ਤੁਹਾਡੇ ਅਤੇ ਤੁਹਾਡੀ ਸਥਿਤੀ ਬਾਰੇ ਪਤਾ ਹੁੰਦਾ ਹੈ




www.pnm.com/definitions ਤੋਂ ਚਿੱਤਰ

ਜੇ ਤੁਹਾਡੇ ਕੋਲ ਉਪਰ ਦਿੱਤੇ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਦਸਤਾਵੇਜ਼ ਨਹੀਂ ਹੈ, ਤਾਂ ਸਾਨੂੰ ਦੱਸੋ। ਅਸੀਂ ਵੱਖ-ਵੱਖ ਦਸਤਾਵੇਜ਼ਾਂ ਨੂੰ ਪ੍ਰਵਾਣ ਕਰਨ ਲਈ ਤੁਹਾਡੇ ਨਾਲ ਕੰਮ ਕਰ ਸਕਦੇ ਹਾਂ।

**ਤੁਸੀਂ ਕਿੰਨਾ ਪੈਸਾ ਕਮਾਉਂਦੇ ਹੋ (ਆਮਦਨ)**

ਅਸੀਂ ਇਹ ਦਰਸਾਉਣ ਲਈ ਤੁਹਾਨੂੰ ਦਸਤਾਵੇਜ਼ਾਂ ਲਈ ਕਹਾਂਗੇ ਕਿ ਤੁਸੀਂ ਅਤੇ ਤੁਹਾਡੇ ਪਰਿਵਾਰ ਵਿਚਲਾ ਹਰ ਇੱਕ ਸ਼ਖ਼ਸ ਮਹੀਨੇ ਵਿੱਚ ਕਿੰਨਾ ਪੈਸਾ ਕਮਾਉਂਦਾ/ਕਮਾਉਂਦੀ ਹੈ। ਅਸੀਂ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਦਸਤਾਵੇਜ਼ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।

- ਤਨਖ਼ਾਹ ਦੀਆਂ ਸਲਿਪਾਂ
- ਆਮਦਨ ਟੈਕਸ ਰਿਟਰਨ
- ਰੋਜ਼ਗਾਰਦਾਤਾ ਤੋਂ ਤੁਹਾਡੀ ਮਹੀਨੇਵਾਰ ਆਮਦਨ ਦੱਸਣ ਵਾਲਾ ਪੱਤਰ
- ਸਿੱਧਿਆਂ ਬੈਂਕ ਵਿੱਚ ਜਮ੍ਹਾ
- ਸੋਸ਼ਲ ਸਿਕਿਓਰਿਟੀ, ਵਰਕਰ ਦਾ ਮੁਆਵਜ਼ਾ, ਸਾਬਕਾ ਫ਼ੌਜੀਆਂ ਦੇ ਮਾਮਲੇ ਜਾਂ ਭਾਰਤ ਦੇ ਮਾਮਲਿਆਂ ਬਿਉਰੋ
- ਸਵੈ-ਰੋਜ਼ਗਾਰ ਦੇ ਬਹੀ-ਖਾਤਿਆਂ ਦੇ ਰਿਕਾੱਰਡ
- ਕੇਸ ਵਰਕਰ, ਭਾਈਚਾਰਕ ਸਿਹਤ ਵਰਕਰ, ਸਿਹਤ ਸੰਭਾਲ ਪ੍ਰੋਵਾਈਡਰ ਜਾਂ ਭਾਈਚਾਰਕ ਏਜੰਸੀ ਦੀ ਸਟੇਟਮੈਂਟ, ਜਿਹਨਾਂ ਨੂੰ ਤੁਹਾਡੇ ਅਤੇ ਤੁਹਾਡੀ ਸਥਿਤੀ ਬਾਰੇ ਪਤਾ ਹੁੰਦਾ ਹੈ

ਜੇ ਤੁਸੀਂ ਬੇਘਰ ਹੋ, ਦੀਵਾਲੀਆ ਹੋ ਚੁੱਕੇ ਹੋ ਜਾਂ SNAP, TANF ਜਾਂ WIC ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਅਸੀਂ ਤੁਹਾਨੂੰ ਇਸਦੀ ਪੁਸ਼ਟੀ ਕਰਨ ਵਾਲੇ ਦਸਤਾਵੇਜ਼ ਲਿਆਉਣ ਲਈ ਕਹਿ ਸਕਦੇ ਹਾਂ।

ਜੇ ਤੁਸੀਂ ਆਪਣੀ ਆਮਦਨ ਸਿੱਧ ਨਹੀਂ ਕਰ ਸਕਦੇ ਜਾਂ ਤੁਹਾਡੀ ਕੋਈ ਆਮਦਨ ਨਹੀਂ ਹੈ, ਤਾਂ ਤੁਸੀਂ ਉਸ ਬਾਰੇ ਬਿਆਨ ਲਿਖਦਿਆਂ ਦੱਸ ਸਕਦੇ ਹੋ। ਤੁਹਾਡੇ ਬਿਆਨ ਵਿੱਚ ਦੱਸਿਆ ਗਿਆ ਹੋਣਾ ਚਾਹੀਦਾ ਹੈ ਕਿ ਤੁਸੀਂ ਭੋਜਨ, ਰਿਹਾਇਸ਼ ਅਤੇ ਟ੍ਰਾਂਸਪੋਰਟੇਸ਼ਨ ਵਰਗੇ ਰੋਜ਼ ਦੇ ਖਰਚਿਆਂ ਦਾ ਭੁਗਤਾਨ ਕਿਵੇਂ ਕਰਦੇ ਹੋ।

ਜੇ ਤੁਹਾਡਾ ਕੋਈ ਜਾਣਕਾਰ ਸ਼ਖ਼ਸ, ਪੈਸਿਆਂ ਪੱਖੋਂ ਤੁਹਾਡੀ ਮਦਦ ਕਰਦਾ/ਕਰਦੀ ਹੈ, ਤਾਂ ਉਸ ਨੂੰ ਸਹਾਇਤਾ-ਪੱਤਰ ਲਿਖਣਾ ਪਏਗਾ। ਆਪਣੇ ਪੱਤਰ ਵਿੱਚ, ਉਹਨਾਂ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਉਹ ਤੁਹਾਡੀ ਕਿਵੇਂ ਮਦਦ ਕਰਦੇ ਹਨ, ਉਹ ਕਿਸ ਲਈ ਭੁਗਤਾਨ ਕਰਦੇ ਹਨ, ਉਹ ਕਿੰਨਾ ਭੁਗਤਾਨ ਕਰਦੇ ਹਨ ਅਤੇ ਅਕਸਰ ਕਿੰਨੀ ਵਾਰੀ। ਯਕੀਨੀ ਬਣਾਓ ਕਿ ਤੁਸੀਂ ਅਤੇ ਤੁਹਾਡੀ ਮਦਦ ਕਰ ਰਹੇ ਸ਼ਖ਼ਸ ਨੇ ਇਸ ਪੱਤਰ 'ਤੇ ਦਸਤਖ਼ਤ ਕੀਤੇ ਹਨ ਅਤੇ ਇਸ ਨੂੰ ਹੋਰਨਾਂ ਦਸਤਾਵੇਜ਼ਾਂ ਨਾਲ ਜਮ੍ਹਾ ਕਰੋ।



ਤੁਸੀਂ ਸਾਡੀ ਵੈਬਸਾਈਟ 'ਤੇ ਮਿਲਣ ਵਾਲੇ ਆਮਦਨ ਦੇ ਐਲਾਨਨਾਮੇ ਵਾਲਾ ਫ਼ਾਰਮ ਵੀ ਭਰ ਸਕਦੇ ਹੋ।

**ਤੁਹਾਡੇ ਬੈਂਕ ਅਤੇ ਪੂੰਜੀਕਾਰੀ ਖਾਤਿਆਂ (ਅਸਾਸਿਆਂ) ਵਿੱਚ ਤੁਹਾਡਾ ਕਿੰਨਾ ਕੁਝ ਹੈ**

UNM Care ਜਾਂ Out-of-County Care ਲਈ ਯੋਗ ਹੋਣ ਵਾਸਤੇ, ਤੁਹਾਡੇ ਬੈਂਕ ਖਾਤਿਆਂ (ਚੈਕਿੰਗ ਅਤੇ ਬਚਤ) ਅਤੇ ਪੂੰਜੀਕਾਰੀ ਦੇ ਖਾਤਿਆਂ ਵਿੱਚ ਕੁੱਲ $20,000 ਤੋਂ ਵੱਧ ਨਹੀਂ ਹੋਣੇ ਚਾਹੀਦੇ। ਅਸੀਂ ਤੁਹਾਨੂੰ ਤੁਹਾਡੇ ਮੈਡੀਕਲ ਬਿੱਲਾਂ ਦਾ ਭੁਗਤਾਨ ਕਰਨ ਲਈ ਤੁਹਾਡੇ ਰਿਟਾਇਰਮੈਂਟ ਫ਼ੰਡ, ਬੌਂਡ, ਡਿਪਾੱਜ਼ਿਟ-ਸਰਟੀਫ਼ਿਕੇਟ (certificates of deposits, CDs) ਨੂੰ ਨਗਦ ਰਕਮ ਵਿੱਚ ਬਦਲਣ ਲਈ ਨਹੀਂ ਕਹਾਂਗੇ। ਹਾਲਾਂਕਿ, ਜੇ ਤੁਸੀਂ ਉਹਨਾਂ ਨੂੰ ਸਾਲ ਦੌਰਾਨ ਪਹਿਲਾਂ ਹੀ ਨਗਦ ਰਕਮ ਵਿੱਚ ਬਦਲ ਚੁੱਕੇ ਹੋ ਜਾਂ ਜੇ ਫ਼ੰਡ ਸਾਲ ਦੌਰਾਨ ਉਹਨਾਂ ਦੀ ਮਿਆਦ ਪੂਰੀ ਹੋ ਗਈ ਹੈ (ਇਸਦਾ ਮਤਲਬ ਹੈ ਕਿ ਤੁਹਾਡੀ ਪੂੰਜੀਕਾਰੀ ਦਾ ਭੁਗਤਾਨ ਕਰਨ ਦੀ ਤਾਰੀਖ਼ ਆ ਗਈ ਹੈ), ਤਾਂ ਉਸ ਰਕਮ ਨੂੰ ਆਮਦਨ ਵਜੋਂ ਮੰਨਿਆ ਜਾਏਗਾ।

ਅਸੀਂ ਤੁਹਾਡੇ ਕਿਸੇ ਵੀ ਚੈਕਿੰਗ, ਬਚਤ ਅਤੇ ਪੂੰਜੀਕਾਰੀ ਦੇ ਖਾਤਿਆਂ ਲਈ ਸਭ ਤੋਂ ਹਾਲੀਆ ਖਾਤੇ ਦੀਆਂ ਸਟੇਟਮੈਂਟਾਂ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।

ਧਿਆਨ ਦਿਓ – ਤੁਹਾਡਾ ਘਰ, ਕਾਰ ਅਤੇ ਰਿਟਾਇਰਮੈਂਟ ਫ਼ੰਡ ਸ਼ਾਮਿਲ ਨਹੀਂ ਹੁੰਦੇ। ਤੁਹਾਨੂੰ ਉਹਨਾਂ ਲਈ ਕੋਈ ਦਸਤਾਵੇਜ਼ ਜਮ੍ਹਾ ਕਰਨ ਦੀ ਲੋੜ ਨਹੀਂ ਹੈ।

## ਕੀ ਹੁੰਦਾ ਹੈ, ਜੇ ਮੇਰੇ ਕੋਲ ਪੁਸ਼ਟੀ ਕਰਨ ਵਾਲੇ ਦਸਤਾਵੇਜ਼ ਨਹੀਂ ਹਨ?

ਜੇ ਤੁਹਾਡੇ ਕੋਲ ਪੁਸ਼ਟੀ ਕਰਨ ਵਾਲੇ ਇਹ ਦਸਤਾਵੇਜ਼ ਨਹੀਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ ਗੱਲ ਕਰੋ! ਹੱਲ ਲੱਭਣ ਵਾਸਤੇ ਅਸੀਂ ਤੁਹਾਡੇ ਨਾਲ ਕੰਮ ਕਰਨ ਲਈ ਤਿਆਰ ਹਾਂ।

UNM Care ਜਾਂ Out-of-County Care ਹੋਰਨਾਂ ਦਸਤਾਵੇਜ਼ਾਂ ਨੂੰ ਪ੍ਰਵਾਣਗੀ ਦੇ ਸਕਦੀ ਹੈ, ਜੋ ਇੱਥੇ ਨਹੀਂ ਦਿੱਤੇ ਗਏ।

## ਕੀ ਹੁੰਦਾ ਹੈ, ਜੇ ਮੇਰੇ ਸੁਆਲ ਹਨ ਜਾਂ ਮਦਦ ਚਾਹੀਦੀ ਹੈ?

**ਸਾਡੇ ਕੋਲ ਆਓ** –

Main Financial Assistance Office
1131 University Blvd, Suite D
Albuquerque, NM 87102

**ਸਾਨੂੰ ਕਾੱਲ ਕਰੋ** –505 272-2521

**ਸਾਡੀ ਵੈਬਸਾਈਟ 'ਤੇ ਨਾ ਜਾਓ** –

ਸਾਡੀ ਪੂਰੀ ਫ਼ਾਇਨਾਂਸ਼ਿਅਲ ਸਹਾਇਤਾ ਪਾੱਲਿਸੀ (Financial Assistance Policy) ਅਤੇ ਇਹਨਾਂ ਦਸਤਾਵੇਜ਼ਾਂ ਦੇ ਅਨੁਵਾਦਾਂ ਬਾਰੇ ਹੋਰ ਜਾਣਕਾਰੀ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ– https://unmhealth.org/patients-visitors/billing-insurance/ 'ਤੇ ਜਾਓ

ਤੁਸੀਂ UNM Care ਜਾਂ Out-of-County Care ਲਈ ਅਰਜ਼ੀ ਵੀ ਵੇਖ ਸਕਦੇ ਹੋ। ਪਰ ਤੁਹਾਨੂੰ ਕਿਸੇ ਵੀ ਪ੍ਰੋਗਰਾਮ ਲਈ ਅਪਲਾਈ ਕਰਨ ਵਾਸਤੇ ਮੁਲਾਕਾਤ ਦਾ ਸਮਾਂ ਲੈਣ ਦੀ ਲੋੜ ਨਹੀਂ ਹੈ। ਕਿਰਪਾ ਕਰਕੇ ਫ਼ਾਇਨਾਂਸ਼ਿਅਲ ਸੇਵਾਵਾਂ ਬਾਰੇ ਨੁਮਾਇੰਦੇ (Financial Services Representative) ਨਾਲ ਆਪਣੀ ਮੁਲਾਕਾਤ ਤੈਅ ਕਰਨ ਲਈ 505 272-2521 ਨੂੰ ਕਾੱਲ ਕਰੋ।